## PUNJAB STATE LEGAL SERVICES AUTHORITY

Site no. 126, Sector 69, SAS Nagar – 160062
Ph. No. 0172-2216750, 0172-2216690
Toll Free: 15100
e-mail: ms@punjab.gov.in
website: https://pulsa.punjab.gov.in

## ਪਬਲਿਕ ਨੋਟਿਸ

**02/PULSA/2026**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 22 ਪ੍ਰੋਸੈਸ ਸਰਵਰ ਦੀਆਂ ਅਸਾਮੀਆਂ ਦੀ ਭਰਤੀ ਦੇ ਸੰਦਰਭ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਸਟੇਟ ਅਥਾਰਟੀ ਵੱਲੋਂ ਮੁੱਢਲੀ ਪੜਤਾਲ ਦੌਰਾਨ ਆਰਜੀ ਤੌਰ ਤੇ ਯੋਗ ਪਾਏ ਗਏ ਉਮੀਦਵਾਰਾਂ ਦੀ ਪੰਜਾਬੀ ਭਾਸ਼ਾ ਪ੍ਰੀਖਿਆ ਲਈ ਜਾਣੀ ਹੈ ਜਿਸ ਦੀ ਮਿਤੀ ਅਤੇ ਸਮੇਂ ਸੰਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ-

**ਪ੍ਰੀਖਿਆ ਦੀ ਮਿਤੀ- 01.02.2026 (ਐਤਵਾਰ)**

**ਪ੍ਰੀਖਿਆ ਦਾ ਸਮਾਂ- 11:00 AM ਤੋਂ 12:30 PM**

ਇਸ ਪ੍ਰੀਖਿਆ ਲਈ ਉਮੀਦਵਾਰ ਦੇ ਰੋਲ ਨੰਬਰ ਅਤੇ ਪ੍ਰੀਖਿਆ ਕੇਂਦਰ ਸਬੰਧੀ ਮੁਕੰਮਲ ਜਾਣਕਾਰੀ ਈ-ਐਡਮਿਟ ਕਾਰਡ ਵਿੱਚ ਦਰਸਾਈ ਗਈ ਹੈ।

ਉਮੀਦਵਾਰ ਆਪਣਾ ਈ-ਐਡਮਿਟ ਕਾਰਡ ਹੇਠ ਦਰਸਾਏ ਲਿੰਕ ਤੋਂ ਡਾਊਨਲੋਡ ਕਰਨਗੇ:-
https://psp.govposts.com/admitCardLogin

(ਲਿੰਕ ਵਿਭਾਗ ਦੀ ਵੈਬਸਾਈਟ www.pulsa.punjab.gov.in ਤੇ ਵੀ ਉਪਲੱਬਧ ਹੈ।)

**ਵੈੱਬਸਾਈਟ ਤੋਂ ਈ-ਐਡਮਿਟ ਕਾਰਡ ਡਾਊਨਲੋਡ ਕਰਨ ਦੀ ਵਿਧੀ:**

- ਪੰਜਾਬ ਰਾਜ ਕਾਨੂੰਨੀ ਸੇਵਾ ਅਥਾਰਟੀ ਦੀ ਵੈੱਬਸਾਈਟ ਦਾ URL www.pulsa.punjab.gov.in ਦਰਜ ਕਰੋ;
- **Latest News** ਵਿੱਚ ਜਾਕੇ **“e-admit card for post of process server”** ਤੇ ਕਲਿੱਕ ਕਰੋ;
- ਆਪਣਾ ਰਜਿਸਟ੍ਰੇਸ਼ਨ ਨੰਬਰ/ਈ-ਮੇਲ ਦਰਜ ਕਰੋ;
- ਆਪਣਾ ਪਾਸਵਰਡ ਦਰਜ ਕਰੋ
- ਆਪਣਾ ਐਡਮਿਟ ਕਾਰਡ ਡਾਊਨਲੋਡ ਕਰੋ

ਉਮੀਦਵਾਰ ਇਸ ਪ੍ਰੀਖਿਆ ਵਿੱਚ ਈ-ਐਡਮਿਟ ਕਾਰਡ ਸਮੇਤ ਪਹਿਚਾਣ ਪੱਤਰ **(Aadhar Card/Voter Card/Driving license/Passport ਵਿੱਚੋਂ ਕੋਈ ਇੱਕ)** ਲੈਕੇ ਆਉਣਾ ਯਕੀਨੀ ਬਣਾਏਗਾ। ਈ-ਐਡਮਿਟ ਕਾਰਡ ਅਤੇ ਪਹਿਚਾਣ ਪੱਤਰ ਤੋਂ ਬਿਨਾਂ ਉਮੀਦਵਾਰ ਨੂੰ ਪ੍ਰੀਖਿਆ ਵਿੱਚ ਬੈਠਣ ਨਹੀਂ ਦਿੱਤਾ ਜਾਵੇਗਾ।

ਉਮੀਦਵਾਰ 09:30 (AM) ਵਜੇ ਪ੍ਰੀਖਿਆ ਕੇਂਦਰ ਵਿੱਚ ਆਪਣੀ ਪਹੁੰਚ ਸੁਨਿਸ਼ਚਿਤ ਕਰੇਗਾ ਅਤੇ 10:45 (AM) ਵਜੇ ਤੋਂ ਬਾਅਦ ਕਿਸੇ ਵੀ ਉਮੀਦਵਾਰ ਨੂੰ ਪ੍ਰੀਖਿਆ ਕੇਂਦਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।

ਈ-ਐਡਮਿਟ ਅਤੇ ਪਹਿਚਾਣ ਪੱਤਰ ਤੋਂ ਬਿਨਾਂ ਕਿਸੇ ਵੀ ਤਰ੍ਹਾਂ ਦੀ ਇਤਰਾਜ ਯੋਗ ਸਮੱਗਰੀ ਅਤੇ ਮੋਬਾਇਲ ਫੋਨ ਆਦਿ ਪ੍ਰੀਖਿਆ ਕੇਂਦਰ ਵਿੱਚ ਲੈ ਕੇ ਜਾਣ ਦੀ ਪੂਰਨ ਤੌਰ ਤੇ ਮਨਾਹੀ ਹੈ। ਜੇਕਰ ਕਿਸੇ ਉਮੀਦਵਾਰ ਕੋਲੋਂ ਕਿਸੇ ਵੀ ਤਰ੍ਹਾਂ ਦੀ ਇਤਰਾਜ ਯੋਗ ਸਮੱਗਰੀ ਅਤੇ ਮੋਬਾਇਲ ਫੋਨ ਆਦਿ ਬਰਾਮਦ ਕੀਤੇ ਜਾਂਦੇ ਹਨ ਤਾਂ ਉਸਦੀ ਪਾਤਰਤਾ ਤੁਰੰਤ ਪ੍ਰਭਾਵ ਤੋਂ ਰੱਦ ਕਰਕੇ ਨਿਯਮਾਂ ਅਨੁਸਾਰ ਉਸ ਉਮੀਦਵਾਰ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਕਿਸੇ ਵੀ ਉਮੀਦਵਾਰ ਨੂੰ ਨਿਰਧਾਰਿਤ ਸਮੇਂ ਤੋਂ ਪਹਿਲਾਂ ਪ੍ਰੀਖਿਆ ਕੇਂਦਰ ਨੂੰ ਛੱਡ ਕੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

**ਨੋਟ- ਜਿਹੜੇ ਉਮੀਦਵਾਰ 'Low vision/Blind' ਕੈਟਾਗਿਰੀ ਨਾਲ ਸਬੰਧ ਰੱਖਦੇ ਹਨ ਉਹ ਆਪਣੇ ਈ-ਐਡਮਿਟ ਕਾਰਡ ਅਤੇ ਪਹਿਚਾਣ ਪੱਤਰ ਦੇ ਨਾਲ-ਨਾਲ ਆਪਣੇ Scribe ਨਾਲ ਸਬੰਧਤ ਦਸਤਾਵੇਜ ਵੀ ਲੈਕੇ ਆਉਣਗੇ। Scribe ਨਾਲ ਸਬੰਧਤ ਦਸਤਾਵੇਜਾਂ ਦੀ ਜਾਣਕਾਰੀ ਵੱਖਰੇ ਪਬਲਿਕ ਨੋਟਿਸ ਨੰਬਰ 03/PULSA/2026 ਵਿੱਚ ਦਿੱਤੀ ਗਈ ਹੈ।**

ਵਧੀਕ ਮੈਂਬਰ ਸਕੱਤਰ